بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.01.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਜਨਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਇਸਲਾਮ ਵਿੱਚ ਦੰਡ ਦੀ ਕਲਪਨਾ ਜ਼ਰੂਰ ਹੈ ਪਰ ਨਾਲ ਹੀ ਮੁਆਫ਼ੀ ਤੇ ਦਰਗੁਜ਼ਰ ਕਰਨ ਦਾ ਵੀ ਹੁਕਮ ਹੈ । ਬਦੀ ਤੇ ਬੁਰਾਈ ਕਰਨ ਵਾਲੇ ਨੂੰ ਦੰਡ ਦਿਓ ਪਰ ਇਸ ਦੰਡ ਦੇ ਪਿੱਛੇ ਵੀ ਇਹ ਮੋਸ਼ਨ (ਪ੍ਰੇਰਨਾ) ਹੋਣਾ ਚਾਹੀਦਾ ਹੈ ਕਿ ਇਸ ਦੰਡ ਨਾਲ ਬਦੀ ਕਰਨ ਵਾਲੇ ਜਾਂ ਨੁਕਸਾਨ ਪਹੁੰਚਾਉਣ ਵਾਲੇ ਤੇ ਜੁਰਮ ਕਰਨ ਵਾਲੇ ਦਾ ਸੁਧਾਰ ਹੋਵੇ । ਸੋ, ਜੱਦ ਸੁਧਾਰ ਉਦੇਸ਼ ਹੈ ਤਾਂ ਦੰਡ ਦੇਣ ਤੋਂ ਪਹਿਲਾਂ ਇਹ ਸੋਚੋ ਕਿ ਕੀ ਦੰਡ ਦੇਣ ਨਾਲ ਇਹ ਉਦੇਸ਼ ਪੂਰਾ ਹਲ ਹੋ ਜਾਂਦਾ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਇਹਨਾਂ ਆਇਤਾਂ ਦੀ ਤਲਾਵਤ ਫ਼ਰਮਾਈ :

(وَجَزٰٓؤُا سَیِّئَۃٍ سَیِّئَۃٌ مِّثۡلُہَا ۚ فَمَنۡ عَفَا وَاَصۡلَحَ فَاَجۡرُہٗ عَلَی اللّٰہِ ؕ اِنَّہٗ لَا یُحِبُّ الظّٰلِمِیۡنَ ۝)

ਵ ਜਜ਼ਾਉ ਸੱਯਿਆਤਿਨ ਸੱਯਿਆਤੁੰਮ ਮਿਸਲੁਹਾ, ਫ਼ਮਨ ਅਫ਼ਾ ਵ ਅਸਲਾਹਾ ਫ਼ ਅਜਰੁਹੂ ਅਲਲੱਾਹਿ,
ਇਨੱਾਹੂ ਲਾ ਯੁਹਿਬੁੱਜ਼ ਜ਼ਾਲਿਮੀਨ 0

ਬਦੀ ਦਾ ਬਦਲਾ, ਕੀਤੀ ਜਾਣ ਵਾਲੀ ਬਦੀ ਦੇ ਬਰਾਬਰ ਹੁੰਦਾ ਹੈ, ਸੋ ਜੋ ਕੋਈ ਮੁਆਫ਼ ਕਰੇ ਬਸ਼ਰਤੇ ਕਿ ਉਹ ਸੁਧਾਰ ਕਰਨ ਵਾਲਾ ਹੋਵੇ ਤਾਂ ਉਸ ਦਾ ਵਟਾਂਦਰਾ ਅਲੱਾਹ ’ਤੇ ਹੈ, ਨਿਰਸੰਦੇਹ ਅਲੱਾਹ ਜ਼ਾਲਮਾਂ ਨੂੰ ਪਸੰਦ ਨਹੀਂ ਕਰਦਾ ।

ਇਸਲਾਮੀ ਸਿੱਖਿਆ ਵਿੱਚ ਕਿਸੇ ਗ਼ਲਤ ਹਰਕਤ ਕਰਨ ਵਾਲੇ, ਨੁਕਸਾਨ ਪਹੁੰਚਾਉਣ ਵਾਲੇ ਨਾਲ ਭਾਵੇਂ ਉਹ ਛੋਟੇ ਪਧੱਰ ਦਾ ਹੋਵੇ ਜਾਂ ਵੱਡੇ ਪਧੱਰ ’ਤੇ ਨੁਕਸਾਨ ਪਹੁੰਚਾਉਣ ਵਾਲਾ ਹੋਵੇ ਜਾਂ ਦੁਸ਼ਮਣ ਹੋਵੇ, ਹਰ ਇਕ ਨਾਲ ਅਜਿਹਾ ਵਰਤਾਉ ਕਰਨ ਦੀ ਸਿੱਖਿਆ ਹੈ ਜੋ ਉਸ ਦੇ ਸੁਧਾਰ ਦੇ ਪੱਖ ਲਏ ਹੋਏ ਹੋਵੇ । ਇਸਲਾਮ ਵਿੱਚ ਦੰਡ ਦੀ ਕਲਪਨਾ ਅਵਸ਼ ਹੈ ਪਰ ਨਾਲ ਹੀ ਮੁਆਫ਼ੀ ਅਤੇ ਦਰਗੁਜ਼ਰ ਕਰਨ ਦਾ ਵੀ ਹੁਕਮ ਹੈ । ਇਸ ਆਇਤ ਵਿੱਚ ਜਿਵੇਂ ਕਿ ਆਪ ਨੇ ਸੁਣਿਆਂ ਇਹੋ ਹੁਕਮ ਹੈ ਕਿ ਬਦੀ ਤੇ ਬੁਰਾਈ ਕਰਨ ਵਾਲੇ ਨੂੰ ਦੰਡ ਦਿਓ, ਪਰ ਉਸ ਦੰਡ ਦੇ ਪਿੱਛੇ ਵੀ ਇਹ ਮੋਸ਼ਨ ਹੋਣਾ ਚਾਹੀਦਾ ਹੈ ਕਿ ਇਸ ਦੰਡ ਨਾਲ ਬਦੀ ਕਰਨ ਵਾਲੇ ਜਾਂ ਨੁਕਸਾਨ ਪਹੁੰਚਾਉਣ ਵਾਲੇ ਅਤੇ ਜੁਰਮ ਕਰਨ ਵਾਲੇ ਦਾ ਸੁਧਾਰ ਹੋਵੇ । ਸੋ ਜੱਦ ਸੁਧਾਰ ਉਦੇਸ਼ ਹੈ ਤਾਂ ਫਿਰ ਦੰਡ ਦੇਣ ਤੋਂ ਪਹਿਲਾਂ ਇਹ ਸੋਚੋ ਕਿ ਕੀ ਦੰਡ ਦੇਣ ਨਾਲ ਇਹ ਉਦੇਸ਼ ਹਲ ਹੋ ਜਾਂਦਾ । ਜੇਕਰ ਸੋਚਣ ਦੇ ਬਾਦ ਵੀ, ਮੁਜਰਮ ਦੀ ਹਾਲਤ ਦੇਖਣ ਦੇ ਬਾਦ ਵੀ ਇਸ ਵੱਲ ਧਿਆਨ ਫਿਰਦਾ ਹੈ ਕਿ ਇਸ ਮੁਜਰਮ ਦਾ ਸੁਧਾਰ ਮੁਆਫ਼ ਕਰਨ ਨਾਲ ਹੋ ਸਕਦਾ ਹੈ ਤਾਂ ਫਿਰ ਮੁਆਫ਼ ਕਰ ਦਿਓ ਜਾਂ ਜੇਕਰ ਦੰਡ ਦੇਣ ਨਾਲ ਹੋ ਸਕਦਾ ਹੈ ਤਾਂ ਦੰਡ ਦਿਓ । ਅਤੇ ਮੁਆਫ਼ ਕਰਨਾ

ਵੀ ਤੁਹਾਨੂੰ ਰੱਬ ਵੱਲੋਂ ਹੈ, ਅਲੱਾਹ ਫ਼ਰਮਾਉਂਦਾ ਹੈ ਕਿ ਚੰਗੇ ਵਟਾਂਦਰੇ ਦਾ ਵਾਰਸ ਬਣਾਏਗਾ । ਅਖੀਰ ਵਿੱਚ 'ਇਨੱਾਹੂ ਲਾ ਯੁਹਿਬੁੱਜ਼ ਜ਼ਾਲਿਮੀਨ' (اِنَّهٗ لَا يُحِبُّ الظّٰلِمِيْنَ) ਕਹਿ ਕੇ ਇਹ ਵੀ ਸਪਸ਼ਟ ਕਰ ਦਿਤੱਾ ਕਿ ਜੇਕਰ ਦੰਡ ਵਿੱਚ ਹੱਦੋਂ ਵਧੱਣ ਦਾ ਜਤਨ ਕਰੋਗੇ ਤਾਂ ਜ਼ਾਲਮਾਂ ਵਿੱਚ ਗਿਣੇ ਜਾਓਗੇ । ਬਹਿਰਹਾਲ ਇਹ ਬੁਨਿਆਦੀ ਉਸੂਲ, ਦੰਡ ਤੇ ਸੁਧਾਰ ਦਾ ਨਿਯਮ ਕੁਰਆਨ ਕਰੀਮ ਵਿੱਚ ਪੇਸ਼ ਹੋਇਆ ਹੈ ਜੋ ਸਾਡੇ ਵਿਅਕਤੀਗੱਤ ਜੀਵਨ ਉਪੱਰ ਵੀ ਲਾਗੂ ਹੈ ਅਤੇ ਹੁਕੂਮਤੀ ਮਾਮਲਿਆਂ ਵਿੱਚ ਵੀ ਸਗੋਂ ਵਿਸ਼ਵਿਆਪੀ ਮਾਮਲਿਆਂ ਵਿੱਚ ਵੀ ਸਮਾਜ ਦੇ ਸੁਧਾਰ ਲਈ ਵੀ ਇਹ ਬੁਨਿਆਦ ਹੈ । ਕਿਸੇ ਮੁਜਰਮ ਨੂੰ ਦੰਡ ਦੇਣ ਦਾ ਅਸਲ ਉਦੇਸ਼ ਜਿਵੇਂ ਕਿ ਮੈਂ ਕਿਹਾ ਸੁਧਾਰ ਹੈ ਅਤੇ ਸਮਾਜਕ ਬਿਹਤਰੀ ਹੈ ।

ਸੋ, ਇਸਲਾਮ ਕਹਿੰਦਾ ਹੈ ਕਿ ਕੇਵਲ ਦੰਡ ਉਪੱਰ ਜ਼ੋਰ ਨ ਦਿਓ ਸਗੋਂ ਸੁਧਾਰ ਉਪੱਰ ਜ਼ੋਰ ਦਿਓ । ਜੇਕਰ ਤੁਸੀਂ ਸਮਝਦੇ ਹੋ ਕਿ ਮੁਆਫ਼ ਕਰਨ ਨਾਲ ਸੁਧਾਰ ਹੋਵੇਗਾ ਤਾਂ ਮੁਆਫ਼ ਕਰ ਦਿਓ । ਜੇਕਰ ਹਾਲਾਤ ਤੇ ਘਟਨਾਵਾਂ ਇਹ ਇਹ ਕਹਿੰਦੀਆਂ ਹਨ ਕਿ ਦੰਡ ਦੇਣ ਨਾਲ ਸੁਧਾਰ ਹੋਵੇਗਾ ਤਾਂ ਦੰਡ ਦਿਓ ਪਰ ਦੰਡ ਵਿੱਚ ਇਸ ਗੱਲ ਦਾ ਵਿਸ਼ੇਸ਼ ਰੂਪ ਵਿੱਚ ਖ਼ਿਆਲ ਰਖੱਣਾ ਹੋਵੇਗਾ ਕਿ ਦੰਡ ਜੁਰਮ ਦੀ ਸਾਰਥਕਤਾ ਅਨੁਕੂਲ ਹੋਵੇ ਨਹੀਂ ਤਾਂ ਜੇਕਰ ਜੁਰਮ ਤੋਂ ਅਧਿਕ ਦੰਡ ਹੈ ਤਾਂ ਇਹ ਜ਼ੁਲਮ (ਅਤਿਆਚਾਰ) ਤੇ ਵਧੀਕੀ ਹੈ ਅਤੇ ਜ਼ੁਲਮ ਤੇ ਵਧੀਕੀ ਰੱਬ ਉਕੱਾ ਹੀ ਪਸੰਦ ਨਹੀਂ ਕਰਦਾ । ਇਸਲਾਮ ਵਿੱਚ ਪਹਿਲੇ ਧਰਮਾ ਵਾਂਗ ਵਧਾ ਚੜ੍ਹਾਅ ਨਹੀਂ ਹੈ । ਇਸ ਦੇ ਅਤਿ ਉਤੱਮ ਨਮੂਨੇ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜੀਵਨ ਵਿੱਚ ਦਿਖਾਈ ਦਿੰਦੇ ਹਨ । ਜੱਦ ਆਪ ਨੇ ਦੇਖਿਆ ਕਿ ਮੁਜਰਮ ਦਾ ਸੁਧਾਰ ਹੋ ਗਿਆ ਹੈ ਤਾਂ ਆਪ ਨੇ ਆਪਣੇ ਅਤਿ ਦੁਸ਼ਮਣ ਨੂੰ ਵੀ ਮੁਆਫ਼ ਕਰ ਦਿਤੱਾ । ਆਪ'ਤੇ, ਆਪਦੀ ਸੰਤਾਨ'ਤੇ ਅਤੇ ਆਪ ਦੇ ਸਹਾਬਾ'ਤੇ ਕੀ ਕੀ ਅਤਿਆਚਾਰ ਨਹੀਂ ਹੋਏ ਪਰ ਜੱਦ ਦੁਸ਼ਮਣ ਮੁਆਫ਼ੀ ਦਾ ਤਲਬਗਾਰ ਹੋਇਆ ਅਤੇ ਰੱਬ ਅਤੇ ਉਸ ਦੇ ਰਸੂਲ ਦੀ ਅਗਿਆ ਅਨੁਸਾਰ ਜੀਵਨ ਬਤੀਤ ਕਰਨ ਦਾ ਪ੍ਰਣ ਕੀਤਾ ਤਾਂ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਸਭ ਕੁਝ ਭੁੱਲ ਕੇ ਮੁਆਫ਼ ਕਰ ਦਿਤੱਾ । ਹਦੀਸ ਵਿੱਚ ਆਉਂਦਾ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਅਮ ਦੀ ਸਾਹਿਬਜ਼ਾਦੀ ਹਜ਼ਰਤ ਜ਼ੈਨਬ'ਤੇ ਮੱਕੇ ਤੋਂ ਹਿਜਰਤ ਸਮੇਂ ਇਕ ਜ਼ਾਲਮ ਵਿਅਕਤੀ ਹਬੱਾਰ ਬਿਨ ਅਸਵਦ ਨੇ ਨੇਜ਼ੇ ਨਾਲ ਕਾਤਲਾਨਾ ਹਮਲਾ ਕੀਤਾ । ਉਹ ਉਸ ਸਮੇਂ ਗਰਭਵਤੀ ਸਨ । ਉਸ ਹਮਲੇ ਕਰਕੇ ਆਪ ਨੂੰ ਕਰਾਰੀ ਸੱਟ ਲੱਗੀ ਅਤੇ ਗਰਭ ਵੀ ਜਾਂਦਾ ਰਿਹਾ, ਅਖੀਰ ਇਹ ਸੱਟ ਆਪ ਦੀ ਜਾਨਲੇਵਾ ਸਿੱਧ ਹੋਈ । ਇਸ ਜੁਰਮ ਕਰਕੇ ਉਸ ਵਿਅਕਤੀ ਵਿਰੁਧ ਕਤਲ ਦਾ ਫ਼ੈਸਲਾ ਦਿਤੱਾ ਗਿਆ ਪਰ ਆਪ ਦਾ ਦਰਗੁਜ਼ਰ ਕਰਨਾ ਐਨ੍ਹਾ ਮਹਾਨ ਹੈ ਕਿ ਜੱਦ ਉਹ ਵਿਅਕਤੀ ਆਪਣੇ ਜੁਰਮ ਤੇ ਵਧੀਕੀਆਂ ਨੂੰ ਸਵੀਕਾਰ ਕਰਦਿਆਂ ਹੋਇਆਂ ਮੁਆਫ਼ੀ ਦਾ ਤਲਬਗਾਰ ਹੋਇਆ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਆਪਣੀ ਸਾਹਿਬਜ਼ਾਦੀ ਦੇ ਇਸ ਕਾਤਿਲ ਨੂੰ ਵੀ ਮੁਆਫ਼ ਕਰ ਦਿਤੱਾ ਅਤੇ ਫ਼ਰਮਾਇਆ ਕਿ ਜਾ ਹਬੱਾਰ ਰੱਬ ਦਾ ਤੇਰੇ ਉਪੱਰ ਉਪਕਾਰ ਹੈ ਕਿ ਉਸ ਨੇ ਤੈਨੂੰ ਇਸਲਾਮ ਕੁਬੂਲ ਕਰਨ ਦੀ ਤੋਫ਼ੀਕ ਪ੍ਰਦਾਨ ਕੀਤੀ ਹੈ ਅਤੇ ਸੱਚੀ ਤੌਬਾ ਕਰਨ ਦੀ ਤੋਫ਼ੀਤ ਦਿੱਤੀ ਹੈ ।

ਇਸੇ ਪ੍ਰਕਾਰ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਇਕ ਸ਼ਾਇਰ ਕਾਅਬ ਬਿਨ ਜ਼ਹੀਰ ਸੀ ਜੋ ਮੁਸਲਮਾਨ ਇਸਤਰੀਆਂ ਬਾਰੇ ਬਹੁਤ ਗੰਦੇ ਸ਼ੇਅਰ ਕਿਹਾ ਕਰਦਾ ਸੀ, ਉਹਨਾਂ ਦੀ ਆਬਰੂ'ਤੇ ਹਮਲੇ ਕਰਦਾ ਸੀ, ਉਸ ਦੇ ਦੰਡ ਦਾ ਹੁਕਮ ਜਾਰੀ ਹੋ ਚੁਕਾ ਸੀ । ਜੱਦ ਮਕੱਾ ਫ਼ਤਹਿ ਹੋਇਆ ਤਾਂ ਕਾਅਬ ਦੇ ਭਾਈ ਨੇ ਉਸਨੂੰ ਲਿੱਖਿਆ ਕਿ ਮਕੱਾ ਫ਼ਤਹਿ ਹੋ ਚੁਕਾ ਹੈ । ਚੰਗਾ ਹੋਵੇ ਕਿ ਤੁਸੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਅਮ ਤੋਂ ਮੁਆਫ਼ੀ ਮੰਗ ਲਓ । ਸੋ, ਉਹ ਖ਼ੌਫ਼ ਕਰਕੇ ਮਦੀਨੇ ਆ ਗਿਆ ਅਤੇ ਮੁਆਫ਼ੀ ਦਾ ਤਾਲਬ ਹੋਇਆ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਅਤਿ ਮਿਹਰ ਕਰਕੇ ਉਸਨੂੰ ਵੀ ਮੁਆਫ਼ ਕਰ ਦਿੱਤਾ । ਫਿਰ ਉਸ ਨੇ ਇਕ ਕਸੀਦਾ (ਕਾਵਿ ਰਚਨਾ) ਵੀ ਹਜ਼ੂਰ ਸਲਲੱਾਹੁ ਅਲੈਹਿ ਵਸਲਅਮ ਦੀ ਸੇਵਾ

ਵਿੱਚ ਪੇਸ਼ ਕੀਤਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਉਸਨੂੰ ਆਪਣੀ ਇਕ ਸੁੰਦਰ ਚਦੱਰ ਪੁਰੁਸਕਾਰ ਵੱਜੋਂ ਦੇ ਦਿੱਤੀ ।

ਸੋ, ਇਹ ਦੁਸ਼ਮਣ ਜਿਸਦੇ ਦੰਡ ਦਾ ਹੁਕੁਮ ਜਾਰੀ ਹੋ ਚੁਕਾ ਸੀ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਦਰਬਾਰ ਵਿੱਚੋਂ ਨ ਕੇਵਲ ਜਾਨ ਬਖ਼ਸ਼ਵਾ ਕੇ ਗਿਆ ਸਗੋਂ ਪੁਰੁਸਕਾਰ ਵੀ ਲੈਕੇ ਪਰਤਿਆ । ਸੋ, ਇਸ ਪ੍ਰਕਾਰ ਦੀਆਂ ਬਹੁਤ ਸਾਰੀਆਂ ਘਟਨਾਵਾਂ ਹਨ ਜੋ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਜੀਵਨ ਵਿੱਚ ਮਿਲਦੀਆਂ ਹਨ । ਜੱਦ ਆਪ ਨੇ ਸੁਧਾਰ ਦੇ ਬਾਦ ਆਪਣੇ ਜਾਨੀ ਦੁਸ਼ਮਣਾ ਨੂੰ ਵੀ ਮੁਆਫ਼ ਫ਼ਰਮਾਇਆ ਆਪਣੇ ਨੇੜਲੇ ਰਿਸ਼ਤੇਦਾਰਾਂ ਦੇ ਦੁਸ਼ਮਣਾ ਨੂੰ ਵੀ ਮੁਆਫ਼ ਫ਼ਰਮਾ ਦਿਤੱਾ ਅਤੇ ਇਸਲਾਮ ਦੇ ਦੁਸ਼ਮਣਾ ਨੂੰ ਵੀ ਮੁਆਫ਼ ਕਰ ਦਿਤੱਾ ਪਰ ਜਿੱਥੇ ਸੁਧਾਰ ਲਈ ਦੰਡ ਦੀ ਲੋੜ ਸੀ, ਜੇਕਰ ਦੰਡ ਦੀ ਲੋੜ ਪਈ ਤਾਂ ਆਪਨੇ ਦੰਡ ਵੀ ਦਿੱਤਾ । ਵਾਸਤਵ ਵਿੱਚ ਇਸ ਹੁਕੁਮ ਦਾ ਅਸਲ ਉਦੇਸ਼ ਇਸ ਦੀ ਮਹਤੱਾ ਅਨੁਸਾਰ ਇਹ ਹੈ ਕਿ ਤੁਸੀਂ ਸੁਧਾਰ ਕਰਨਾ ਹੈ ਨ ਕਿ ਬਦਲਾ ਲੈਣਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸੂਰਤ ਸ਼ੂਰਾ ਦੀ ਇਸ 41ਵੀਂ ਆਇਤ ਦਾ ਆਪਣੀਆਂ ਕਿਤਾਬਾਂ ਤੇ ਫ਼ਰਮਾਨਾ ਵਿੱਚ ਕਈ ਥਾਈਂ ਵਿਸਥਾਰ ਫ਼ਰਮਾਇਆ ਹੈ । ਆਪ ਦੀਆਂ ਲੱਗਭਗ 13 ਕਿਤਾਬਾਂ ਵਿੱਚ ਹਵਾਲੇ ਦਿਖਾਈ ਦਿੰਦੇ ਹਨ ਜਾਂ ਸ਼ਾਇਦ ਇਸ ਤੋਂ ਵੀ ਵਧੱਕੇ ਹੋਣ ਅਤੇ ਇਹਨਾਂ ਵਿੱਚ ਇੱਕੀ ਬਾਈ (21-22) ਵੱਖ ਵੱਖ ਥਾਵਾਂ ਉਪੱਰ ਇਸ ਹਵਾਲੇ ਸੰਬੰਧੀ ਗੱਲ ਕੀਤੀ ਹੈ । ਇਸੇ ਪ੍ਰਕਾਰ ਆਪਣੀਆਂ ਕਈ ਸਭਾਵਾਂ ਵਿੱਚ ਇਸ ਗੱਲ ਦੀ ਚਰਚਾ ਕੀਤੀ ਹੈ । 'ਇਸਲਾਮੀ ਉਸੂਲ ਦੀ ਫ਼ਿਲਾਫ਼ੀ' ਵਿੱਚ ਆਪ ਦੰਡ ਅਤੇ ਮੁਆਫ਼ੀ ਦਾ ਫ਼ਲਸਫ਼ਾ ਅਤੇ ਆਤਮਕ ਭਾਵ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਬਦੀ ਦਾ ਬਦਲਾ ਕੇਵਲ ਉਨੱਾ ਹੈ ਜਿੰਨੀ ਬਦੀ ਕੀਤੀ ਗਈ ਹੋਵੇ (ਇਸ ਆਇਤ ਦੇ ਚਾਨ੍ਹਣੇ ਵਿੱਚ) ਪਰ ਜੋ ਮਨੁੱਖ ਗੁਨਾਹ (ਪਾਪ ਜਾਂ ਗ਼ਲਤੀ) ਨੂੰ ਬਖ਼ਸ਼ ਦੇਵੇ ਅਤੇ ਅਜਿਹੇ ਮੌਕੇ ਉਪੱਰ ਬਖ਼ਸ਼ੇ ਕਿ ਉਸ ਤੋਂ ਕੋਈ ਸੁਧਾਰ ਹੁੰਦਾ ਹੋਵੇ, ਕੋਈ ਅਪੱਤੀ ਪੈਦਾ ਨ ਹੁੰਦੀ ਹੋਵੇ ਅਰਥਾਤ ਐਨ ਦਰਗੁਜ਼ਰ ਦਾ ਮੌਕਾ ਹੋਵੇ, ਬੇਮੌਕਾ ਨ ਹੋਵੇ ਤਾਂ ਉਹ ਉਸਦਾ ਵਟਾਂਦਰਾ ਪ੍ਰਾਪਤ ਕਰੇਗਾ । (ਅਰਥਾਤ ਬਖ਼ਸ਼ਣ ਵਾਲਾ ਰੱਬ ਦੀ ਹਜ਼ੂਰੀ ਵਿੱਚ ਪ੍ਰਤੀਫ਼ਲ ਪ੍ਰਾਪਤ ਕਰੇਗਾ) । ਫ਼ਰਮਾਇਆ ਕਿ ਇਸ ਆਇਤ ਤੋਂ ਪ੍ਰਤੱਖ ਹੈ ਕਿ ਕੁਰਆਨ ਕਰੀਮ ਦੀ ਇਹ ਸਿੱਖਿਆ ਨਹੀਂ ਕਿ ਖ਼ਾਮਖਵਾਹ ਅਤੇ ਹਰ ਥਾਂ ਅਪੱਤੀ ਦਾ ਮੁਕਾਬਲਾ ਨ ਕੀਤਾ ਜਾਵੇ (ਕਈ ਥਾਈਂ ਅਪੱਤੀ ਦਾ ਮੁਕਾਬਲਾ ਕਰਨਾ ਪੈਂਦਾ ਹੈ) ਅਤੇ ਸ਼ਰਾਰਤੀ ਅੰਸਰਾਂ ਤੇ ਜ਼ਾਲਮਾ ਨੂੰ ਦੰਡ ਨ ਦਿੱਤਾ ਜਾਵੇ ਸਗੋਂ ਇਹ ਸਿੱਖਿਆ ਹੈ ਕਿ ਦੇਖਣਾ ਚਾਹੀਦਾ ਹੈ ਕਿ ਇਹ ਮੌਕਾ ਤੇ ਅਵਸਰ ਬਖ਼ਸ਼ਣ ਦਾ ਹੈ ਜਾਂ ਦੰਡ ਦੇਣ ਦਾ । ਸੋ, ਮੁਜਰਮ ਦੇ ਹੱਕ ਵਿੱਚ ਅਤੇ ਸਾਧਾਰਣ ਲੋਕਾਂ ਦੇ ਹੱਕ ਵਿੱਚ ਜੋ ਕੁਝ ਉਸ ਸਮੇਂ ਤੇ ਮੌਕੇ ਅਨੁਸਾਰ ਬਿਹਤਰ ਹੋਵੇ ਉਹੋ ਸੂਰਤ ਅਪਣਾਈ ਜਾਵੇ । ਅੱਜ ਕੱਲ ਜੋ ਲੋਕ ਮਨੁੱਖੀ ਅਧਿਕਾਰਾਂ ਦੇ ਅਲੰਬਾਦਾਰ ਬਣੇ ਫ਼ਿਰਦੇ ਹਨ ਉਹ ਇਕ ਪਾਸੇ ਹੋ ਗਏ । ਕਿਸੇ ਦਾ ਕਿੰਨ੍ਹਾ ਹੀ ਵੱਡਾ ਕਸੂਰ ਹੋਵੇ ਮਨੁੱਖੀ ਹਮਦਰਦੀ ਦੇ ਨਾਂ'ਤੇ ਮੁਜਰਮਾ ਨੂੰ ਵੀ ਐਨ੍ਹੀ ਸ਼ੈ ਦਿੱਤੀ ਜਾਂਦੀ ਹੈ ਕਿ ਅਨੇਕਾਂ ਹੀ ਮੁਜਰਮ ਹਨ ਜਿੰਨ੍ਹਾ ਨੂੰ ਜੁਰਮਾ ਦਾ ਅਹਿਸਾਸ ਹੀ ਨਹੀਂ ਰਹਿੰਦਾ । ਕਾਤਲ ਹਨ ਪੇਸ਼ੇਵਰ ਕਾਤਲ ਹਨ ਜਾਂ ਹੰਕਾਰ ਤੇ ਘਮੰਡ ਵਿੱਚ ਐਨ੍ਹੇ ਵਧੇ ਹੋਏ ਹਨ ਕਿ ਉਹਨਾਂ ਨੂੰ ਆਪਣੇ ਸਿਵਾਏ ਕਿਸੇ ਦੇ ਜੀਵਨ ਦੀ ਕੋਈ ਮਹਤੱਾ ਹੀ ਦਿਖਾਈ ਨਹੀਂ ਦਿੰਦੀ । ਅਜਿਹੇ ਲੋਕਾਂ ਦੀ ਸਜ਼ਾਂ ਤਾਂ ਕਤਲ ਹੀ ਹੋਣੀ ਚਾਹੀਦੀ ਹੈ ਸਿਵਾਏ ਇਸਦੇ ਕਿ ਮਕਤੂਲ (ਕਤਲ ਹੋਏ) ਦੇ ਵਾਰਸ ਆਪ ਉਸ ਨੂੰ ਮੁਆਫ਼ ਕਰ ਦੇਣ ।

ਫਿਰ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨੇ ਫ਼ਰਮਾਇਆ ਕਿ ਕੇਵਲ ਇਹੋ ਹੀ ਨਹੀਂ ਦੇਖਣਾ ਕਿ ਮੁਜਰਮ ਦੇ ਹੱਕ ਵਿੱਚ ਕੀ ਬਿਹਤਰ ਹੈ, ਕਈ ਵਾਰ ਇਹ ਦੇਖਣਾ ਹੁੰਦਾ ਹੈ, ਕੇਵਲ ਮੁਜਰਮ ਦਾ ਹੀ ਨਹੀਂ ਧਿਆਨ ਰਖੱਣਾ ਹੁੰਦਾ, ਕਈ ਵਾਰ ਆਮ ਸਮਾਜ ਵਿੱਚ ਕੀ ਬਿਹਤਰ ਹੈ, ਛੋਟੀ ਚੀਜ਼ ਨੂੰ ਵੱਡੀ ਲਈ ਕੁਰਬਾਨ ਕਰਨਾ ਜਾਂ ਸਮਾਜ ਦੇ ਵੱਡੇ ਹਿੱਤ ਨੂੰ ਸੰਮੁੱਖ ਰਖੱਣਾ ਇਹ ਜ਼ਰੂਰੀ ਹੋ ਜਾਂਦਾ ਹੈ । ਇਸ ਲਈ ਕਿਸੇ ਦੰਡ ਦੇ ਫ਼ੈਸਲੇ ਸਮੇਂ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਸਮਾਜ ਵਿੱਚ

ਸਾਮੂਹਿਕ ਰੂਪ ਵਿੱਚ ਕੀ ਪ੍ਰਭਾਵ ਪੈ ਰਿਹਾ ਹੈ । ਕਈ ਵਾਰ ਮੁਆਫ਼ ਕਰਨਾ ਸਮਾਜ ਵਿੱਚ ਗਲਤ ਪ੍ਰਭਾਵ ਪਾ ਰਿਹਾ ਹੰਦਾ ਹੈ ਕਿ ਦੇਖੋ ਐਨ੍ਹਾ ਵੱਡਾ ਮੁਜਰਮ ਇਹ ਗਲਤ ਕੰਮ ਕਰਕੇ ਫਿਰ ਬਚ ਗਿਆ । ਫਿਰ ਸ਼ਰਾਰਤੀ ਅੰਸਰ ਲੋਕ ਇਹ ਵਿਚਾਰ ਕਰਦੇ ਹਨ ਕਿ ਅਸੀਂ ਵੀ ਗ਼ਲਤ ਕੰਮ ਕਰਕੇ ਮੁੜ ਮੁਆਫ਼ੀ ਮੰਗ ਕੇ ਬਚ ਜਾਵਾਂਗੇ । ਇਹ ਅਵਸਥਾ ਵੀ ਫਿਰ ਮੁਜਰਮਾ ਨੂੰ ਆਪਣੇ ਭੈੜੇ ਕੰਮਾ ਨੂੰ ਕਰਨ ਲਈ ਜੁਰੱਤ ਪੈਦਾ ਕਰਦੀ ਹੈ ਅਤੇ ਬਲ ਦਿੰਦੀ ਹੈ । ਜੇਕਰ ਮੁਆਫ਼ੀਆਂ ਮੁਜਰਮਾਂ ਨੂੰ ਦਲੇਰ ਕਰ ਰਹੀਆਂ ਤਾਂ ਫ਼ਿਰ ਦੰਡ ਦੀ ਲੋੜ ਹੈ ਨ ਕਿ ਮੁਆਫ਼ੀਅਂ ਦੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਅਵਸਰ'ਤੇ ਇਸਲਾਮ ਦੀ ਸੁੰਦਰ ਸਿੱਖਿਆ ਦਾ ਤੌਰਾਤ ਤੇ ਇੰਜੀਲ ਨਾਲ ਟਾਕਰਾ ਕਰਦਿਆਂ ਹੋਇਆਂ ਫ਼ਰਮਾਇਆ ਕਿ ਇੰਜੀਲ ਵਿੱਚ ਲਿੱਖਿਆ ਹੈ ਕਿ ਤੂੰ ਬਦੀ ਦਾ ਮੁਕਾਬਲਾ ਨ ਕਰ । ਭਾਵ ਇੰਜੀਲ ਦੀ ਇਹ ਸਿੱਖਿਆ ਨਿਵਾਉਣ ਵੱਲ ਝੁਕੀ ਹੋਈ ਹੈ ਅਤੇ ਸਿਵਾਏ ਵਿਸ਼ੇਸ਼ ਅਵਸਥਾ ਦੇ ਉਸ'ਤੇ ਅਮਲ ਹੋ ਹੀ ਨਹੀਂ ਸਕਦਾ । ਦੂਜੇ ਪਾਸੇ ਤੌਰਾਤ ਦੀ ਸਿੱਖਿਆ ਨੂੰ ਦੇਖਿਆ ਜਾਵੇ ਤਾਂ ਉਹ ਵਧੀਕੀ ਵੱਲ ਝੁਕੀ ਹੋਈ ਹੈ ਅਤੇ ਇਸ ਵਿੱਚ ਵੀ ਕੇਵਲ ਇਕ ਹੀ ਪੱਖ'ਤੇ ਜ਼ੋਰ ਦਿੱਤਾ ਕਿਆ ਕਿ ਜਾਨ ਦੇ ਬਦਲੇ ਜਾਨ, ਅੱਖ ਦੇ ਬਦਲੇ ਅੱਖ, ਕੰਨ੍ਹ ਦੇ ਬਦਲੇ ਕੰਨ੍ਹ ਅਤੇ ਦੰਦ ਦੇ ਬਦਲੇ ਦੰਦ ਤੋੜ ਦਿੱਤਾ ਜਾਵੇ । ਇਸ ਇਸ ਵਿੱਚ ਦਰਗੁਜ਼ਰ, ਮੁਆਫ਼ੀ ਤੇ ਖਿਮਾ ਕਰਨ ਦਾ ਨਾਂ ਵੀ ਨਹੀਂ ਲਿਆ ਗਿਆ ਪਰ ਕੁਰਆਨ ਕਰੀਮ ਨੇ ਸਾਨੂੰ ਕਿੰਨ੍ਹਾ ਹੀ ਪਾਕ ਮਾਰਗ ਦੱਖਿਆ ਹੈ ਜੋ ਕਮੀ ਤੇ ਵਧੀਕੀ ਤੋਂ ਪਾਕ ਅਤੇ ਐਨ ਮਨੁੱਖੀ ਸੁਭਾਵ ਅਨੁਸਾਰ ਹੈ । ਉਧਾਰਣ ਲਈ ਕੁਰਆਨ ਕਰੀਮ ਵਿੱਚ ਫ਼ਰਮਾਇਆ ਹੈ ਕਿ 'ਵ ਜਜ਼ਾਉ ਸੱਯੇਆਤਿਨ ਸੱਯੇਆਤੁੰਮ ਮਿਸਲੁਹਾ, ਫ਼ਮਨ ਅਫ਼ਾ ਵ ਅਸਲਾਹਾ ਫ਼ ਅਜਰੁਹੂ ਅਲਲੱਾਹਿ' (وَجَزٰٓؤُا سَيِّئَةٍ سَيِّئَةٌ مِّثْلُهَا ۚ فَمَنْ عَفَا وَاَصْلَحَ فَاَجْرُهٗ عَلَى اللّٰهِ ؕ) ਅਰਥਾਤ ਜਿੰਨੀ ਬਦੀ ਕੀਤੀ ਗਈ ਹੋਵੇ ਉਨੀ ਹੀ ਬਦੀ ਕਰਨੀ ਜਾਇਜ਼ ਹੈ ਅਰਥਾਤ ਕੇਵਲ ਉਨਾ ਦੰਡ ਦੇਣਾ ਜਾਇਜ਼ ਹੈ, ਪਰ ਜੇਕਰ ਕੋਈ ਮੁਆਫ਼ ਕਰ ਦੇਵੇ ਅਤੇ ਉਸ ਮੁਆਫ਼ੀ ਵਿੱਚ ਸੁਧਾਰ ਸੰਮੁੱਖ ਹੋਵੇ, ਅਣਉਚਿਤ ਤੇ ਬੇਮੌਕਾ ਮਾਫ਼ੀ ਨ ਹੋਵੇ ਸਗੋਂ ਸਮੇਂ ਤੇ ਮੌਕੇ ਅਨੁਸਾਰ ਉਚਿਤ ਹੋਵੇ ਤਾਂ ਅਜਿਹਾ ਮੁਆਫ਼ ਕਰਨ ਬਾਰੇ ਉਸ ਦਾ ਵਟਾਂਦਰਾ ਹੈ ਜੋ ਉਸ ਨੂੰ ਰੱਬ ਵੱਲੋਂ ਮਿਲੇਗਾ ।

ਸੋ, ਇਸਲਾਮੀ ਸਿੱਖਿਆ ਹੀ ਹੈ ਜੋ ਹਰ ਜੁੱਗ ਦੀਆਂ ਸਮੱਸਿਆਵਾਂ ਦਾ ਹੱਲ ਹੈ ਫਿਰ ਚਾਹੇ ਉਹ ਦੰਡ ਲਈ ਹੋਣ ਜਾਂ ਦੂਜੀਆਂ ਸਮੱਸਿਆਵਾਂ ਹੋਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕ ਤਬਕਾ (ਭਾਗ) ਤਾਂ ਉਹ ਹੈ ਜੋ ਮੁਆਫ਼ ਕਰਨਾ ਤਾਂ ਜਾਣਦਾ ਹੀ ਨਹੀਂ ਅਤੇ ਦਾਦਿਆਂ ਪੜਦਾਦਿਆਂ ਦੇ ਸਮੇਂ ਦੀਆਂ ਰੰਜਿਸ਼ਾਂ ਵੀ ਚੇਤੇ ਰੱਖੀਆਂ ਜਾਂਦੀਆਂ ਹਨ ਅਤੇ ਦੂਜੇ ਪਾਸੇ ਅਜਿਹੇ ਬੇਗ਼ੈਰਤ ਤੇ ਵਿਭਚਾਰੀ ਲੋਕ ਹਨ ਕਿ ਨੇਕੀ ਉਪੱਰ ਇਕ ਦਾਗ਼ ਹਨ । ਮੁਆਫ਼ੀ ਦੇ ਨਾਂ'ਤੇ ਬੇਗ਼ੈਰਤੀ ਦਿਖਾਉਂਦੇ ਹਨ । ਸੋ ਬੇਗ਼ੈਰਤੀ ਵੀ ਨਹੀਂ ਹੋਣੀ ਚਾਹੀਦੀ ਅਤੇ ਜ਼ੁਲਮ ਵੀ ਨਹੀਂ ਹੋਣਾ ਚਾਹੀਦਾ । ਜੇਕਰ ਕੋਈ ਕਿਸੇ ਬੇਟੀ, ਭੈਣ ਦੀ ਇਜ਼ੱਤ ਉਪੱਰ ਹਮਲਾ ਕਰਦਾ ਹੈ, ਉਸਦੀ ਆਬਰੂ ਉਪੱਰ ਹਮਲਾ ਕਰਦਾ ਹੈ ਤਾਂ ਕਾਨੂਨ ਦੇ ਦਾਇਰੇ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ ਉਥੇ ਮੁਆਫ਼ੀ ਦਾ ਸਵਾਲ ਨਹੀਂ ਹੈ । ਇਸ ਲਈ ਮੁਆਫ਼ੀ ਤੇ ਬੇਗ਼ੈਰਤੀ ਵਿਚ ਅੰਤਰ ਵੀ ਜਾਨਣ ਦਾ ਜਤਨ ਕਰਨਾ ਚਾਹੀਦਾ ਹੈ, ਪਰ ਕਾਨੂਨ ਆਪਣੇ ਹੱਥਾਂ ਵਿੱਚ ਨਹੀਂ ਲੈਂਣਾ ਇਹ ਬਹਿਰਹਾਲ ਸ਼ਰਤ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕਈ ਥਾਈਂ ਇਸ ਹਵਾਲੇ ਨਾਲ ਇਸ ਦਾ ਵਿਸਥਾਰ ਫ਼ਰਮਾਇਆ ਹੈ । ਆਪ ਦੇ ਕੁਝ ਹੋਰ ਹਵਾਲੇ ਮੈਂ ਪੇਸ਼ ਕਰਦਾ ਹਾਂ । ਵੇਖਣ ਨੂੰ ਇਹਨਾਂ ਹਵਾਲਿਆਂ ਤੋਂ ਲਗਦਾ ਹੈ ਕਿ ਇਕ ਹੀ ਵਿਸ਼ਾ ਅੱਖਾਂ ਸਾਹਮਣੇ ਆ ਰਿਹਾ ਹੈ ਪਰ ਹਰ ਮੌਕੇ ਆਪ ਨੇ ਇਸ ਹਵਾਲੇ ਨਾਲ ਜੋ ਫ਼ਰਮਾਨ ਦਿੱਤਾ ਹੈ ਉਸ ਵਿੱਚ ਵੱਖ ਵੱਖ ਰੰਗਤ ਤੇ ਵੱਖ ਵੱਖ ਨਸੀਹਤ ਹੈ । ਇਕ ਥਾਂ ਆਪ ਨੇ ਫ਼ਰਮਾਇਆ ਕਿ ਬਦੀ ਦਾ ਬਦਲਾ ਉਨ੍ਹੀ ਬਦੀ ਹੈ ਜੋ ਕੀਤੀ ਗਈ ਹੈ ਜੋ ਮਨੁੱਖ ਮੁਆਫ਼ ਕਰੇ ਅਤੇ ਗੁਨਾਹ ਬਖ਼ਸ਼ ਦੇਵੇ ਅਤੇ ਉਸ ਮੁਆਫ਼ੀ ਨਾਲ ਸੁਧਾਰ ਹੋਵੇ ਨ ਕਿ ਖ਼ਰਾਬੀ ਹੁੰਦੀ ਹੋਵੇ ਤਾਂ ਰੱਬ ਉਸ ਤੋਂ ਰਾਜ਼ੀ ਹੁੰਦਾ ਹੈ ਅਤੇ ਉਸ ਦਾ ਬਦਲਾ ਦੇਵੇਗਾ । ਸੋ, ਕੁਰਆਨ ਅਨੁਸਾਰ ਨ ਤਾਂ ਹਰ ਥਾਂ ਇੰਤਕਾਮੇ ਮਹਮੂਦ ਹੈ (ਬਦਲਾ ਨ

ਲੈਣਾ ਸਲਾਹੁਣ ਯੋਗ ਹੈ) ਅਤੇ ਨ ਹਰ ਥਾਂ ਮੁਆਫ਼ੀ ਸਲਾਹੁਣ ਯੋਗ ਹੈ, ਸਗੋਂ ਮੌਕਾ ਮਹਿਲ ਅਨੁਸਾਰ ਚਾਹੀਦਾ ਹੈ ਕਿ ਬਦਲਾ ਤੇ ਮੁਆਫ਼ੀ ਦੀ ਪਬੰਦੀ ਸਮੱਸਿਆ ਅਨੁਸਾਰ ਹੋਵੇ, ਨ ਕਿ ਬੇਕੈਦੀ ਦੇ ਰੂਪ ਵਿੱਚ ਇਹੋ ਕੁਰਆਨ ਕਰੀਮ ਦਾ ਅਰਥ ਹੈ ।

ਸੋ, ਫ਼ਰਮਾਇਆ ਰੱਬ ਉਸ ਮਨੁੱਖ ਤੋਂ ਰਾਜ਼ੀ ਹੁੰਦਾ ਹੈ ਜਿਸ ਦੀ ਨੀਯਤ ਨੇਕ ਹੋਵੇ ਅਤੇ ਉਸ ਦੇ ਕਰਮ ਤੇ ਕੰਮ ਦਾ ਉਦੇਸ਼ ਸੁਧਾਰ ਹੋਵੇ । ਵਿਭਚਾਰੀ ਮਨੁੱਖ ਦੇ ਮੁਆਫ਼ ਕਰਨ ਨਾਲ ਰੱਬ ਰਾਜ਼ੀ ਨਹੀਂ ਹੋਵੇਗਾ, ਨ ਉਸ ਤੋਂ ਰਾਜ਼ੀ ਹੁੰਦਾ ਹੈ ਜੋ ਬਦਲੇ ਦੀ ਨੀਯੱਤ ਰਖੱਦਾ ਹੈ । ਇਹ ਦੋਵੇਂ ਗੱਲਾਂ ਸਾਹਮਣੇ ਹੋਣੀਆਂ ਚਾਹੀਦੀਆਂ ਹਨ । ਨ ਐਨ੍ਹੀ ਬੇਗ਼ੈਰਤੀ ਹੋਵੇ ਕਿ ਬਿਲਕੁਲ ਬੇਗ਼ੈਰਤ ਹੋ ਜਾਵੇ, ਐਨ੍ਹੀ ਨਰਮੀ ਹੋਵੇ ਕਿ ਬਿਲਕੁਲ ਬੇਗ਼ੈਰਤ ਹੋ ਜਾਵੇ, ਇਸ ਤੋਂ ਵੀ ਰੱਬ ਰਾਜ਼ੀ ਨਹੀਂ ਹੁੰਦਾ ਅਤੇ ਨ ਇਹ ਹੋਵੇ ਕਿ ਬਦਲੇ ਦੀ ਨੀਯੱਤ ਹੋਵੇ, ਉਹ ਵੀ ਰੱਬ ਨੂੰ ਨਰਾਜ਼ ਕਰਦੀ ਹੈ । ਸੋ, ਦੋਵੇਂ ਹਦਾਂ ਨੂੰ ਸਾਹਮਣੇ ਰਖੱਦਿਆਂ ਹੋਇਆਂ ਮੁਆਫ਼ੀ ਤੇ ਦੰਡ ਦੇ ਫ਼ੈਸਲੇ ਕਰਨੇ ਚਾਹੀਦੇ ਹਨ । ਇਸ ਬਾਰੇ ਜਮਾਤ ਦੇ ਅਹੁਦੇਦਾਰਾਂ ਤੇ ਨਿਜ਼ਾਮ (ਵਿਵਸਥਾ) ਨੂੰ ਵੀ ਇਸ ਗੱਲ ਦਾ ਖ਼ਿਆਲ ਰਖੱਣਾ ਚਾਹੀਦਾ ਹੈ । ਆਮ ਕਰਕੇ ਤਾਂ ਖ਼ਿਆਲ ਰੱਖਿਆ ਜਾਂਦਾ ਹੈ ਕਈਆਂ ਦੇ ਵਿਰੁਧ ਜੋ ਫ਼ੈਸਲੇ ਹੁੰਦੇ ਹਨ ਜਾਂ ਜੋ ਮੇਰੇ ਕੋਲ ਸ਼ਫ਼ਾਰਸ਼ ਆਉਂਦੀ ਹੈ, ਮੈਂ ਤਾਂ ਇਹ ਨਹੀਂ ਕਹਿੰਦਾ ਕਿ ਬਦਲੇ ਦੀ ਭਾਵਨਾ ਕਰਕੇ ਹੁੰਦੀ ਹੈ ਪਰ ਇਹ ਅਵਸ਼ ਹੀ ਕਈ ਵਾਰ ਹੁੰਦਾ ਹੈ ਕਿ ਸ਼ਫ਼ਾਰਸ਼ ਕਰਨ ਵਾਲੇ ਦਾ ਸੁਭਾਵਕ ਰੁਝਾਨ ਸਖ਼ਤੀ ਵੱਲ ਹੁੰਦਾ ਹੈ ਅਤੇ ਕਈ ਲੋੜ ਤੋਂ ਵੱਧ ਨਰਮੀ ਜਾਂ ਮੁਆਫ਼ੀ ਦਾ ਰੁਝਾਨ ਰਖੱਦੇ ਹਨ ਜਿਸ ਤੋਂ ਖ਼ਰਾਬੀਆਂ ਪੈਦਾ ਹੁੰਦੀਆਂ ਹਨ । ਸੋ, ਨ ਤਾਂ ਦੰਡ ਦੇਣਾ ਚੰਗਾ ਹੈ ਅਤੇ ਨ ਹੀ ਮੁਆਫ਼ ਕਰਨਾ ਸਲਾਹੁਣ ਯੋਗ ਹੈ । ਅਸਲ ਚੀਜ਼ ਰੱਬ ਦੀ ਰਜ਼ਾ ਦੀ ਪ੍ਰਾਪਤੀ ਹੈ ਅਤੇ ਇਹ ਉਸ ਸਮੇਂ ਹਾਸਲ ਹੁੰਦੀ ਹੈ ਜੱਦ ਸੁਧਾਰ ਉਦੇਸ਼ ਹੋਵੇ ਅਤੇ ਉਸ ਦੇ ਲਈ ਸੰਬੰਧਤ ਵਿਭਾਗਾਂ ਨੂੰ ਚਾਹੀਦਾ ਹੈ ਕਿ ਉਹ ਜਤਨ ਕਰਨ, ਭਾਵੇਂ ਉਹ 'ਉਮੂਰ ਆਮਾ' ਹੈ ਜਾਂ 'ਕਜ਼ਾ' ਹੈ, ਕਿ ਬਹੁਤ ਡੂੰਘਿਆਈ ਵਿੱਚ ਜਾਕੇ ਸਫ਼ਾਰਸ਼ ਦੇ ਫ਼ੈਸਲੇ ਕਰਨੇ ਚਾਹੀਦੇ ਹਨ ਤਾਂ ਜੋ ਉਹ ਵਾਸਤਵਿਕ ਨਿਜ਼ਾਮ ਅਤੇ ਹਾਲਾਤ ਅਸੀਂ ਆਪਣੇ ਵਿੱਚ ਆਪਣੀ ਜਮਾਤ ਵਿੱਚ ਪੈਦਾ ਕਰ ਸਕੀਏ ਜੋ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਈਏ । ਅਤੇ ਇਸ ਲਈ ਰੱਬ ਤੋਂ ਦੁਆ ਤੇ ਮਦਦ ਮੰਗਣ ਦੀ ਵੀ ਲੋੜ ਹੈ । ਜੱਦ ਵੀ ਕੋਈ ਫ਼ੈਸਲਾ ਹੋਵੇ ਦੁਆ ਨਾਲ ਹੋਵੇ ਅਤੇ ਫਿਰ ਸਮੇਂ ਦੇ ਖ਼ਲੀਫ਼ਾ ਸਾਹਬ ਕੋਲ ਸਫ਼ਾਰਸ਼ ਹੋਣੀ ਚਾਹੀਦੀ ਹੈ ਤਾਂ ਜੋ ਹਰ ਪ੍ਰਕਾਰ ਦੇ ਕੁਪ੍ਰਭਾਵਾਂ ਤੋਂ ਉਹ ਮਨੁੱਖ ਸੁਰੱਖਿਅਤ ਰਹੇ ਜਿਸ ਦੇ ਵਿਰੁਧ ਸ਼ਿਕਾਇਤ ਜਾ ਰਹੀ ਹੈ ਅਤੇ ਜਮਾਤ ਦੀ ਵਿਵਸਥਾ ਵੀ ਸੁਰੱਖਿਅਤ ਰਹੇ ਅਤੇ ਜਮਾਤ ਵਿੱਚ ਵੀ ਕਿਸੇ ਪ੍ਰਕਾਰ ਦਾ ਫ਼ੈਸਲਾ ਬੇਚੈਨੀ ਦਾ ਸਬਬ ਨ ਬਣੇ । ਇਸੇ ਪ੍ਰਕਾਰ ਇਕ ਹੋਰ ਥਾਂ ਆਪਣੀ ਕਿਤਾਬ 'ਨਸੀਮੇ ਦਾਵਤ' ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਵਿਸ਼ੇ ਨੂੰ ਵਰਨਣ ਕਰਦਿਆਂ ਹੋਇਆਂ ਕਿ ਜੋ ਇਸਲਾਮ'ਤੇ ਇਤਰਾਜ਼ ਕਰਨ ਵਾਲੇ ਹਨ ਅਤੇ ਗ਼ੈਰ ਮੁਸਲਿਮਾਂ ਨੂੰ ਇਸਲਾਮ ਦੀ ਸੁੰਦਰ ਸਿੱਖਿਆ ਦੀ ਜਾਣਕਾਰੀ ਹੋਣੀ ਚਾਹੀਦੀ ਹੈ । ਆਪ ਨੇ ਇਹ ਬਹੁਤ ਖੋਲ ਕੇ ਦੱਸਿਆ ਹੈ ਇਹ ਅਜਿਹੀ ਸੁੰਦਰ ਹੈ ਕਿ ਜੋ ਕਿਸੇ ਵੀ ਧਰਮ ਵਿੱਚ ਨਹੀਂ ਹੈ । ਆਪ ਨੇ ਫ਼ਰਮਾਇਆ ਕਿ ਜੇਕਰ ਤੁਹਾਨੂੰ ਕੋਈ ਦੁੱਖ ਪਹੁੰਚਾਏ, ਉਧਾਰਣ ਲਈ ਦੰਦ ਤੋੜ ਦੇਵੇ ਜਾਂ ਅੱਖ ਫੋੜ ਦੇਵੇ ਤਾਂ ਉਸ ਦਾ ਦੰਡ ਉਨ੍ਹਾ ਹੀ ਹੈ ਜਿੰਨ੍ਹਾ ਉਸ ਨੇ ਕੀਤਾ ਹੈ ਪਰ ਜੇਕਰ ਅਜਿਹੀ ਅਵਸਥਾ ਵਿੱਚ ਗੁਨਾਹ ਮੁਆਫ਼ ਕਰ ਦਿਓ ਕਿ ਇਸ ਮੁਆਫ਼ੀ ਨਾਲ ਕੋਈ ਚੰਗਾ ਸਿਟਾ ਪੈਦਾ ਹੋਵੇਗਾ ਅਤੇ ਇਸ ਤੋਂ ਉਸਦਾ ਕੋਈ ਸੁਧਾਰ ਹੋਵੇਗਾ ਅਰਥਾਤ ਮੁਜਰਮ ਭਵਿੱਖ ਵਿੱਚ ਇਸ ਆਦਤ ਤੋਂ ਬਾਜ਼ ਆ ਜਾਵੇ (ਸੁਧਾਰ ਹੋ ਜਾਵੇ) ਤਾਂ ਇਸ ਅਵਸਥਾ ਵਿੱਚ ਮੁਆਫ਼ ਕਰਨਾ ਹੀ ਚੰਗਾ ਹੈ ਅਤੇ ਇਸ ਮੁਆਫ਼ ਕਰਨ ਨਾਲ ਰੱਬ ਤੋਂ ਬਦਲਾ ਮਿਲੇਗਾ ।

ਜਿਵੇਂ ਕੁਦਰਤ ਦਾ ਕਾਨੂਨ ਇਹ ਹੈ ਕਿ ਸਾਡੀ ਖ਼ੁਰਾਕ (ਭੋਜਨ) ਵੀ ਬਦਲਦੀ ਰਹੇ ਅਤੇ ਖ਼ੁਰਾਕ ਵੀ ਮੌਸਮਾ ਅਨੁਸਾਰ ਰੱਬ ਨੇ ਪੈਦਾ ਕੀਤੀ ਹੈ । ਇਸੇ ਪ੍ਰਾਰ ਗਰਮੀ ਤੇ ਸਰਦੀ ਦੇ ਵਸਤਰਾਂ ਦਾ ਵੀ ਬਦਲਨਾ ਹੈ । ਇਹ ਸਾਰੀਆਂ ਚੀਜਾਂ

ਪ੍ਰਕ੍ਰਿਤੀ ਦੇ ਨੀਯਮਾ ਅਨੁਸਾਰ ਹਨ । ਫ਼ਰਮਾਇਆ ਇਸੇ ਪ੍ਰਕਾਰ ਸਾਡੀ ਅਚਰਣਕ ਅਵਸਥਾ ਵੀ ਮੌਕਿਆਂ ਅਨੁਸਾਰ ਤਬਦਲੀ ਚਾਹੁੰਦੀ ਹੈ । ਇਕ ਸਮਾਂ ਰੁਹਬ ਦਿਖਾਉਣ ਦਾ ਅਸਥਾਨ ਹੁੰਦਾ ਹੈ, ਓਥੇ ਨਰਮੀ ਤੇ ਮੁਆਫ਼ੀ ਨਾਲ ਕੰਮ ਵਿਗੜਦਾ ਹੈ ਅਤੇ ਦੂਜੇ ਸਮੇਂ ਨਰਮੀ ਤੇ ਸਨਮਾਨ ਦਾ ਅਸਥਾਨ ਹੁੰਦਾ ਹੈ ਅਤੇ ਓਥੇ ਰੁਹਬ ਦਿਖਾਉਣਾ ਮੂਰਖਤਾ ਸਮਝਿਆ ਜਾਂਦਾ ਹੈ । ਭਾਵ ਹਰ ਇਕ ਸਮਾਂ ਤੇ ਹਰ ਇਕ ਥਾਂ ਇਕ ਗੱਲ ਨੂੰ ਲੋਚਦਾ ਹੈ, ਸੋ, ਜੋ ਮਨੁੱਖ ਸਮੇਂ ਦੀ ਕਦਰ ਨਹੀਂ ਕਰਦਾ ਉਹ ਪਸ਼ੂ ਹੈ ਨ ਕਿ ਮਨੁੱਖ ਅਤੇ ਵਹਿਸ਼ੀ ਹੈ ਨ ਕਿ ਸੱਭਿਯਾ ।

ਫਿਰ ਇਕ ਥਾਂ ਆਪ ਨੇ ਫ਼ਰਮਾਇਆ ਕਿ ਕੁਰਆਨ ਕਰੀਮ ਨੇ ਅਜਾਈਂ ਹੀ ਮੁਆਫ਼ੀ ਤੇ ਦਰਗੁਜ਼ਰ ਨੂੰ ਜਾਇਜ਼ ਨਹੀਂ ਰੱਖਿਆ, ਕਿਉਂਕਿ ਇਸ ਤੋਂ ਮਨੁੱਖੀ ਆਚਰਣ ਵਿਗੜਦੇ ਹਨ ਅਤੇ ਸਾਰੀ ਵਿਵਸਥਾ ਖਿੰਡ ਪੁੰਡ ਜਾਂਦੀ ਹੈ ਸਗੋਂ ਉਸ ਦਰਗੁਜ਼ਰ ਦੀ ਆਗਿਆ ਦਿੱਤੀ ਹੈ ਜਿਸ ਨਾਲ ਕੋਈ ਸੁਧਾਰ ਹੋ ਸਕੇ ।

ਜੇਕਰ ਹਰ ਕੋਈ ਆਪਣੇ ਪ੍ਰਤੀਦਿਨ ਦੀ ਦਿਨਚਰਿਆ ਵਿੱਚ ਅਤੇ ਆਪਸੀ ਸੰਬੰਧਾਂ ਵਿੱਚ, ਆਪਣਾ ਜਾਇਜ਼ਾ ਲਏ ਕਿ ਉਹ ਦੂਜਿਆਂ ਬਾਰੇ ਕਿਸ ਪ੍ਰਕਾਰ ਸੋਚਦਾ ਹੈ ਅਤੇ ਆਪਣੇ ਬਾਰੇ ਕੀ ਸੋਚਦਾ ਹੈ ਤਾਂ ਇਸ ਨਾਲ ਸਮਾਜ ਵਿੱਚ ਕੀ ਸੁੰਦਰਤਾ ਪੈਦਾ ਹੁੰਦੀ ਹੈ ।

ਸੋ, ਅਸਲ ਚੀਜ਼ ਇਹੋ ਹੈ ਕਿ ਹਰ ਸਮੇਂ ਇਕ ਧਿਆਨ ਰਹੇ ਕਿ ਹਰ ਕੰਮ ਰੱਬ ਦੀ ਰਜ਼ਾ ਹਾਸਲ ਕਰਨ ਲਈ ਹੋਵੇ । ਜੱਦ ਇਹ ਹੋਵੇਗਾ ਫਿਰ ਹੀ ਸੁਧਾਰ ਹੋਵੇਗਾ ।

ਸੋ, ਇਹਨਾਂ ਦੋ ਗਲਾਂ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਇਸ ਲਈ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਸੁਧਾਰ ਕਰਨਾ ਹੈ ਅਤੇ ਅਸੀਂ ਬੁਰਾਈਆਂ ਨੂੰ ਰੋਕਣਾ ਹੈ । ਸਮਾਜ ਵਿੱਚ ਅਮਨ ਨੇ ਸ਼ਾਂਤੀ ਦਾ ਵਾਤਾਵਰਣ ਪੈਦਾ ਕਰਨਾ ਹੈ ਅਤੇ ਸਭ ਤੋਂ ਵੱਧ ਇਹ ਕਿ ਰੱਬ ਦੀ ਰਜ਼ਾ ਹਾਸਲ ਕਰਨੀ ਹੈ ਕਿਉਂਕਿ ਉਹ ਜ਼ਾਲਮਾਂ ਨੂੰ ਪਸੰਦ ਨਹੀਂ ਕਰਦਾ । ਅੱਲਾਹ ਤਆਲਾ ਸਾਨੂੰ ਕੁਰਆਨ ਕਰੀਮ ਦੇ ਅਦੇਸ਼ਾਂ ਨੂੰ ਸਮਝਣ ਤੇ ਉਹਨਾਂ ਉਪੱਰ ਅਮਲ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਮੁਕਰੱਮ ਬਿਲਾਲ ਮਹਮੂਦ ਸਾਹਬ ਦੇ ਸਦਗੁਣਾ ਦੀ ਚਰਚਾ ਕੀਤੀ ਜਿੰਨ੍ਹਾ ਨੂੰ 11 ਜਨਵਰੀ ਨੂੰ ਰਬਵਾਹ ਵਿੱਚ ਸ਼ਹੀਦ ਕਰ ਦਿਤੱਾ ਗਿਆ ਸੀ । ਉਹਨਾਂ ਦੇ ਸਦਗੁਣਾ ਅਤੇ ਸੇਵਾਵਾਂ ਨੂੰ ਵਰਨਣ ਕਰਦਿਆਂ ਹੋਇਆਂ ਉਹਨਾਂ ਦਾ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 22.01.2016**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131